PO Box 43799, London, W14 8SS
Tel: 0044 (0) 870 1993328
unitedsikhs-uk@unitedsikhs.org

UNITED SIKHS

*Recognise the Human Race as One*

www.unitedsikhs.org
contact@unitedsikhs.org

*To transform underprivileged and minority communities and individuals into informed and vibrant members of society through civic, educational and personal development programmes.*

# ਅੰਮਤ੍ਰਧਾਰੀ ਵਿਦਿਆਰਥੀ ਨੂੰ ਕਿਰਪਾਨ ਧਾਰਨ ਕਾਰਨ ਸਕੂਲੋਂ ਕੱਢਿਆ ਗਿਆ

## ਚਾਰ ਹਫਤੇ ਸਕੂਲੋਂ ਬਾਹਰ ਰਹਿਣ ਪਿੱਛੋਂ ਵਿਦਿਆਰਥੀ ਨੂੰ ਪਰਾਈਵੇਟ ਸਕੂਲ ਵਿਚ ਦਾਖਲ ਕਰਵਾਇਆ ਗਿਆ।

**ਲੰਡਨ**—ਯੁਨਾਈਟਿਡ ਸਿੱਖ ਦੀ ਡਾਇਰੈਕਟਰ ਬੀਬੀ ਮਜਿੰਦਰਪਾਲ ਕੌਰ ਨੇ ਬਰਤਾਨਵੀ ਸਿੱਖ ਭਾਈਚਾਰੇ ਨੂੰ ਖਬਰਦਾਰ ਕਰਦਿਆਂ ਹੋਇਆਂ ਬੇਨਤੀ ਕੀਤੀ ਹੈ ਕਿ ਹੁਣੇ ਹੁਣੇ ਲੰਡਨ ਦੇ ਇੱਕ ਸਕੂਲ ਵਿਚੋਂ ਅਮ੍ਰਿਤਧਾਰੀ ਸਿੱਖ ਵਿਦਿਆਰਥੀ ਨੂੰ ਕਿਰਪਾਨ ਪਹਿਨਣ ਕਾਰਨ ਸਕੂਲੋਂ ਬੇਦਖਲ ਕਰਨਾਂ ਸਿੱਖ ਭਾਈਚਾਰੇ ਦੀ ਧਾਰਮਕ ਅਜ਼ਾਦੀ ’ਤੇ ਇੱਕ ਵੱਡਾ ਹਮਲਾ ਹੈ ਜਦ ਕਿ ਕਾਨੂੰਨੀ ਤੌਰ ’ਤੇ ਬਰਤਾਨਵੀ ਸਕੂਲਾਂ ਵਿਚ ਸਿੱਖ ਬੱਚਿਆਂ ਨੂੰ ਇਸ ਦੀ ਛੋਟ ਹੈ। ਬੀਬੀ ਜੀ ਨੇ ਇਹ ਵੀ ਕਿਹਾ ਕਿ ਕਿਰਪਾਨ ਦੇ ਸਬੰਧ ਵਿਚ ਸੇਫਟੀ ਦੇ ਢਕਵੰਜ ਅਸੰਗਤ ਹਨ ਕਿਓਂਕਿ ਇਥੋਂ ਦੇ ਸਕੂਲਾਂ ਵਿਚ ਅਕਸਰ ਹੀ ਕੈਂਚੀਆਂ, ਛੁਰੀਆਂ ਅਤੇ ਕਾਂਟਿਆਂ ਦੀ ਵਰਤੋਂ ਕੀਤੀ ਜਾਂਦੀ ਹੈ।

**ਓਤਰੀ ਲੰਡਨ**—ਪਿਛਲੇ ਦੋ ਸਾਲ ਤੋਂ ਕਿਰਪਾਨ ਦੇ ਮੱਦੇ ’ਤੇ ਬਾਰਨਟ ਬਾਰੋ ਦੇ ਕੋਂਪਟਨ ਸਕੂਲ ਨਾਲ ਚਲ ਰਹੀ ਗੱਲਬਾਤ ਨੂੰ ਉਦੋਂ ਵੱਡਾ ਝਟਕਾ ਵੱਜਾ ਜਦੋਂ ਕਿ ਸਕੂਲ ਨੇ ਕਿਰਪਾਨ ਪਹਿਨਣ ਦੀ ਛੋਟ ’ਤੇ ਹੈਲਥ ਐਂਡ ਸੇਫਟੀ ਦੇ ਢਕਵੰਜ ਤਹਿਤ ਮਨਾਹੀ ਲਾ ਦਿੱਤੀ। 14 ਸਾਲ ਦਾ ਇਹ ਬੱਚਾ ਪਿਛਲੇ ਦੋ ਸਾਲ ਤੋਂ ਕਿਰਪਾਨ ਪਹਿਨ ਕੇ ਸਕੂਲ ਜਾ ਰਿਹਾ ਸੀ। ਪਿਛਲੇ ਮਹੀਨੇ ਕੰਪਟਨ ਸਕੂਲ ਦੇ ਪਹਿਲੇ ਦਿਨ ਜਿਓਂ ਹੀ ਇਹ ਬੱਚਾ ਆਪਣੇ ਸਕੂਲ ਕਿਰਪਾਨ ਪਹਿਨ ਕੇ ਗਿਆ ਤਾਂ ਉਸ ਦੇ ਟੀਚਰਾਂ ਨੂੰ ਪਤਾ ਲੱਗਦੇ ਸਾਰ ਹੀ ਉਸ ਨੂੰ ਸਕੂਲ ਵਿਚੋਂ ਬਾਹਰ ਕੱਢ ਦਿੱਤਾ ਗਿਆ। ਇੱਕ ਇਨਾਮ ਜੇਤੂ ਹੋਣਹਾਰ ਵਿਦਿਆਰਥੀ ਜਿਸ ਨੇ ਕਿ ਜੀ ਸੀ ਐਸ ਦੀ ਸ਼ੁਰੂਆਤ ਕਰਨੀ ਸੀ ਉਸ ਨੂੰ ਇਸ ਸਕੂਲ ਵਿਚੋਂ ਸਿਰਫ ਇਸੇ ਕਰਕੇ ਕੱਢ ਦਿੱਤਾ ਗਿਆ ਕਿਓਂਕਿ ਉਹ ਆਪਣੇ ਧਰਮ ਦਾ ਇੱਕ ਅਹਿਮ ਅੰਗ ਭਾਵ ਕਿ ਆਪਣਾ ਪੰਜਵਾਂ ਕਕਾਰ ਕਿਰਪਾਨ ਧਾਰਨ ਕਰਨਾਂ ਚਾਹੁੰਦਾ ਹੈ ਜੋ ਕਿ ਇੱਕ ਅਮ੍ਰਿਧਾਰੀ ਹੋਣ ਕਾਰਨ ਉਸ ਦੀ ਧਾਰਮਕ ਰਹਿਤ ਦਾ ਜ਼ਰੂਰੀ ਅੰਗ ਹੈ। ਜਦੋਂ ਇਸ ਸਕੂਲ ਨੇ ਜੇ ਸਿੰਘ(ਨਾਮ ਗੁਪਤ) ਨਾਮ ਦੇ ਇਸ ਬੱਚੇ ਨੂੰ ਚਾਰ ਹਫਤੇ ਸਕੂਲ ਵਿਚ ਵੜਨ ਹੀ ਨਾਂ ਦਿੱਤਾ ਤਾਂ ਇਸ ਦੇ ਮਾਪਿਆਂ ਨੇ ਖੜ੍ਹੇ ਪੈਰ 6000 ਪੌਂਡ ਦਾ ਕਰਜ਼ਾ ਲੈ ਕੇ ਇਸ ਬੱਚੇ ਨੂੰ ਪ੍ਰਈਵੇਟ ਸਕੂਲ ਵਿਚ ਦਾਖਲ ਕਰਵਾਇਆ।

ਯੂਨਾਈਟਡ ਸਿੱਖ ਸਿੱਖਾਂ ਦੇ ਭਾਈਚਾਰਕ ਆਗੂਆਂ ਨਾਲ ਮਿਲ ਕੇ ਇਸ ਸਬੰਧੀ ਯੋਗ ਹੱਲ ਲੱਭਣ ਲਈ ਯਤਨਸ਼ੀਲ ਰਿਹਾ ਹੈ ਤਾਂ ਕਿ ਆਉਣ ਵਾਲੇ ਸਮੇਂ ਵਿਚ ਸਿੱਖ ਬੱਚੇ ਆਪਣੇ ਧਰਮ ਦੀ ਪਾਲਣਾ ਕਿਸੇ ਵੀ ਰੋਕ ਟੋਕ ਤੋਂ ਵਗੈਰ ਕਰ ਸਕਣ।

ਯੂਨਾਈਟਿਡ ਸਿੱਖਜ਼ ਦੀ ਕਾਨੂੰਨੀ ਸਲਾਹਕਾਰ ਬੀਬੀ ਮਜਿੰਦਰਪਾਲ ਕੌਰ ਵਲੋਂ ਇਸ ਸਬੰਧੀ ਜਦੋਂ ਜੇ ਸਿੰਘ ਦੇ ਮਾਪਿਆਂ ਨੂੰ ਨਾਲ ਲੈ ਕੇ ਬਾਰਨਟ ਕੌਂਸਲ ਦੇ ਵਿਦਿਅਕ ਡਾਇਰੈਕਟਰ ਅਤੇ ਕੌਂਸਲ ਦੇ ਕਾਨੂੰਨੀ ਸਲਾਹਕਾਰ ਨਾਲ ਗੱਲ ਬਾਤ ਕਰਕੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਕਿ ਕਿਓਂਕਿ ਇਸ ਲੜਕੇ ਨੂੰ ਉਸ ਦੇ ਧਾਰਮਕ ਕਕਾਰ ਕਰਕੇ ਸਕੂਲੋਂ ਕੱਢਿਆ ਗਿਆ ਹੈ ਇਸ ਕਰਕੇ ਘੱਟੋ ਘੱਟ ਇਸ ਬੱਚੇ ਨੂੰ ਲਾਜ਼ਮੀ ਵਿਦਿਆ ਦੇਣ ਲਈ ਨਵਾਂ ਸਕੂਲ ਦੇਣ ਦੀ ਜ਼ਿਮੇਵਾਰੀ ਤਾਂ ਕੌਂਸਲ ਲਵੇ ਤਾਂ ਉਹਨਾਂ ਦਾ ਦੋ ਟੁੱਕ ਜਵਾਬ ਸੀ ਕਿ ਸਕੂਲ ਨੇ ਇਸ ਸਿੱਖ ਬੱਚੇ ਨੂੰ ਸਕੂਲੋਂ ਨਹੀਂ ਕੱਢਿਆ ਸਗੋਂ ਇਸ ਦੇ ਕਿਰਪਾਨ ਪਹਿਨਣ ’ਤੇ ਹੀ ਪਾਬੰਦੀ ਲਗਾਈ ਹੈ, ਬੱਚਾ ਕਿਰਪਾਨ ਉਤਾਰ ਕੇ ਜਦੋਂ ਮਰਜ਼ੀ ਸਕੂਲ ਆ ਸਕਦਾ ਹੈ।

ਜਦੋਂ ਮਜਿੰਦਰਪਾਲ ਕੌਰ ਨੇ ਉਕਤ ਡਾਇਰੈਕਟਰ ਨੂੰ ਇਹ ਪੁਛਿਆ ਕਿ ਤੁਸੀਂ ਇਸ ਸਿੱਖ ਬੱਚੇ ਉਤੇ ਪੜ੍ਹਾਈ ਜਾਂ ਧਰਮ ਚੋਂ ਇਕ ਦੀ ਚੋਣ ਕਰਨ ਦੀ ਸ਼ਰਤ ਨੂੰ ਕਿਓਂ ਮੜ੍ਹ ਰਹੇ ਹੋ ਤਾਂ ਉਸ ਦਾ ਕਹਿਣਾ ਸੀ ਕਿ ਸਕੂਲ ਦੇ ਗਵਰਨਰਾਂ ਦਾ ਇਹ ਫੈਸਲਾ ਹੈ ਕਿ ਜੇ ਇਸ ਬੱਚੇ ਨੇ ਕਿਰਪਾਨ ਪਾਉਣੀਹੀ ਹੈ ਤਾਂ ਉਹ ਕੁਲ ਮਿਲਾ ਕੇ ਸਿਰਫ ਦੋ ਇੰਚ ਦੀ ਕਿਰਪਾਨ ਹੀ ਪਹਿਨ ਸਕਦਾ ਹੈ ਅਤੇ ਉਹ ਵੀ ਮਿਆਨ ਵਿਚ ਬਿਲਡ ਕੀਤੀ ਹੋਣੀ ਚਾਹੀਦੀ ਹੈ।

“ ਅਸੀਂ ਸਕੂਲ ਨੂੰ ਦੱਸਿਆ ਸੀ ਕਿ ਦੋ ਇੰਚ ਦੀ ਕਿਰਪਾਨ ਤਾਂ ਮਹਿਜ਼ ਇੱਕ ਨਮੂਨਾ ਹੀ ਕਿਹਾ ਜਾ ਸਕਦਾ ਹੈ ਜੋ ਕਿ ਨਾਂ ਤਾਂ ਜੇ ਸਿੰਘ ਨੂੰ ਹੀ ਅਤੇ ਨਾਂ ਹੀ ਉਸ ਦੇ ਸਿੱਖ ਭਾਈਚਾਰੇ ਨੂੰ ਪੰਜਵੇਂ ਕਕਾਰ ਵਜੋਂ ਮਨਜ਼ੂਰ ਹੈ” ਮਜਿੰਦਰਪਾਲ ਕੌਰ ਨੇ Robert McCulloch-Graham ਨਾਮ ਦੇ ਡਾਇਰੈਕਟਰ ਨੂੰ ਕਿਹਾ ਸੀ।

ਇਸ ਪਿਛੋਂ ਯੂਨਾਈਟਿਡ ਸਿੱਖਜ਼ ਵਲੋਂ ਮਨੁੱਖੀ ਅਧਿਕਾਰਾਂ ਅਤੇ ਬਰਾਬਰੀ ਸਬੰਧੀ ਕਮਿਸ਼ਨ (Equality and Human rights Commission) ਨਾਲ ਤਾਲਮੇਲ ਕੀਤਾ ਗਿਆ ਜਿਸ ਨੇ ਕਿ ਸਾਲਸ ਵਜੋਂ ਦਖਲ ਦੇਣ ਦੀ ਸਹਿਮਤੀ ਪ੍ਰਗਟਾਈ ਪਰ ਸਕੂਲ ਵਲੋਂ ਇਸ ਨੂੰ ਵੀ ਠੁਕਰਾ ਦਿੱਤਾ ਗਿਆ। ਇਸ ਸਬੰਧੀ ਯੂਨਾਈਟਿਡ ਸਿੱਖਜ਼ ਵਲੋਂ Helen Mountfield ਨਾਮ ਦੇ ਉਸ ਸੀਨੀਅਰ ਬੈਰਿਸਟਰ ਦੀ ਸਲਾਹ ਲੈਣ ਦੀ ਕੋਸ਼ਿਸ਼ ਵੀ ਕੀਤੀ ਗਈ ਜਿਸ ਨੇ ਕਿ ਸਾਰਿਕਾ ਸਿੰਘ ਦਾ ਕੜੇ ਵਾਲਾ ਕੇਸ ਲੜਿਆ ਸੀ ਪਰ ਸਕੂਲ ਦਾ ਅੜੀਅਲ ਵਤੀਰਾ ਲਗਾਤਾਰ ਕਇਮ ਰਿਹਾ।

ਯੂਨਾਈਟਿਡ ਸਿਖਜ਼ ਵਲੋਂ ਇਸ ਕੇਸ ਸਬੰਧੀ ਅਨੇਕਾਂ ਹੀ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਬੱਚਿਆਂ, ਸਕੂਲਾਂ ਅਤੇ ਪਰਿਵਾਰਾਂ ਦੇ ਸੈਕਟਰੀ ਆਫ ਸਟੇਟ ਐਮ ਪੀ ਇਡ ਬੈਲਜ਼ ਨੂੰ(Ed Balls MP, Secretary of State for Children, Schools and Families), ਸਿੱਖਾ ਦੇ ਆਲ ਪਾਰਟੀ ਪਾਰਲੀਮੈਂਟਰੀ ਗਰੁਪ ਦੇ ਚੇਅਰਮੈਨ ਐਮ ਪੀ ਰਾਬ ਮੈਰਿਸ ਨੂੰ ਅਤੇ ਪੰਜਾਬੀਆਂ ਦੇ ਆਲ ਪਾਰਟੀ ਪਾਰਲੀਮੈਂਟ ਗਰੁਪ ਦੇ ਚੇਅਰਮੈਨ ਐਮ ਪੀ ਮੈਕਡੋਨਲ ਵਲੋਂ ਚਿੱਠੀਆਂ ਲਿਖ ਕੇ ਸਹਾਇਤਾ ਦੀ ਮੰਗ ਕੀਤੀ ਗਈ ਸੀ।

ਐਮ ਪੀ ਰਾਬ ਮੈਰਿਸ ਵਲੋਂ ਇਡ ਬੈਲ ਨੂੰ ਲਿਖੇ ਖਤ ਦੇ ਜਵਾਬ ਵਿਚ ਪਾਰਲੀਮੈਂਟਰੀ ਅੰਡਰ ਸੈਕਟਰੀ ਆਫ ਸਟੇਟ ਫਾਰ ਸਕੂਲ ਦੇ ਡਾਇਨ ਜੌਹਨਸਨ ਨੇ ਲਿਖਿਆ ਹੈ ਕਿ ਕਿਰਪਾਨ ਦੇ ਮੁੱਦੇ ’ਤੇ ਦਿਸ਼ਾ ਨਿਰਦੇਸ਼ਾਂ ਵਿਚ ਸਕੂਲਾਂ ਨੂੰ ਸਿੱਖਾਂ ਦੇ ਧਾਰਮਕ ਜਜ਼ਬਾਤਾਂ ਪ੍ਰਤੀ ਚੇਤੰਨ ਰਹਿਣ ਅਤੇ ਅਜੇਹੇ ਕੇਸਾਂ ਨੂੰ ਵਧੇਰੇ ਭਾਵੁਕਤਾ ਨਾਲ ਲੈਣ ਲਈ ਕਿਹਾ ਗਿਆ ਹੈ।

“ਅਸੀਂ ਸਥਾਨਕ ਤੌਰ ’ਤੇ ਪਏ ਫਰਕਾਂ ਦਾ ਨਿਪਟਾਰਾ ਚਾਹੁੰਦੇ ਹਾਂ। ਆਮ ਤੌਰ ’ਤੇ ਡਿਪਾਰਟਮੈਂਟ ਆਫ ਚਿਲਡਰਨ ਸਕੂਲ ਐਂਡ ਫੈਮਲੀਜ਼ ਦਖਲ ਨਹੀਂ ਦਿੰਦਾ। ਜੇਕਰ ਸਕੂਲ ਦੇ ਫੈਸਲੇ ਨੂੰ ਚੈਲੰਜ ਕੀਤਾ ਜਾਂਦਾ ਹੈ ਤਾਂ ਇਹ ਫਿਰ ਅਦਾਲਤਾਂ ’ਤੇ ਹੀ ਨਿਰਭਰ ਹੁੰਦਾ ਹੈ ਕਿ ਉਹ ਸਕੂਲ ਦੇ ਕਿਰਪਾਨ ਪਹਿਨਣ ਦੀ ਮਨਾਹੀ ਨੂੰ ਫੈਸਲੇ ਨੂੰ ਜਾਇਜ਼ ਕਰਾਰ ਦੇ ਦੇਵੇ ਜਿਵੇਂ ਕਿ ਇਸ ਕੇਸ ਵਿਚ ਹੈ।” ਡਾਇਨ ਜੌਹਨਸਨ ਨੇ ਕਿਹਾ।

“ਕੋਪਟਨ ਸਕੂਲ ਦਾ ਇਹ ਫੈਸਲਾ ਬਾਰਨਟ ਸਕੂਲਾਂ ਵਿਚ ਸਿੱਖਾਂ ਦੀ ਧਾਰਮਕ ਅਜ਼ਾਦੀ ’ਤੇ ਇੱਕ ਵੱਡਾ ਹਮਲਾ ਹੈ ਜਦ ਕਿ ਬਰਤਾਨੀਆ ਭਰ ਵਿਚ ਸਕੂਲਾਂ ਨੇ ਸਿੱਖ ਵਿਦਿਆਰਥੀਆਂ ਨੂੰ ਕਿਰਪਾਨ ਪਹਿਨਣ ਦੀ ਖੁਲ੍ਹ ਦੇ ਰੱਖੀ ਹੈ। ਕਰਿਮਨਿਲ ਜਸਟਿਸ ਐਕਟ 1988 ਮੁਤਾਬਿਕ ਸਿੱਖਾਂ ਨੂੰ ਜਨਤਕ ਤੌਰ ’ਤੇ ਕਿਰਪਾਨ ਧਾਰਨ ਕਰਨ ਦੀ ਕਾਨੂੰਨੀ ਛੋਟ ਦਿੱਤੀ ਗਈ ਹੈ। ਸਕੂਲ ਨੂੰ ਇਹ ਅਹਿਸਾਸ ਹੋਣਾਂ ਚਾਹੀਦਾ ਹੈ ਕਿ ਅਨੇਕਾਂ ਸਕੂਲਾਂ ਵਿਚ ਲਗਾਤਾਰ ਵਰਤੇ ਜਾਣ ਵਾਲੇ ਛੁਰੀ ਕਾਂਟਿਆਂ ਅਤੇ ਕੈਂਚੀਆਂ ਦੇ ਮੁਕਾਬਲੇ ਕਿਰਪਾਨ ਤੋਂ ਕੋਈ ਵੀ ਖਤਰਾ ਨਹੀਂ ਹੈ।” ਮਜਿੰਦਰਪਾਲ ਨੇ ਕਿਹਾ।

ਪਿਛਲੇ ਪੰਜਾਂ ਹਫਤਿਆਂ ਵਿਚ ਜਿਥੇ ਹੋਰ ਮਾਪਿਆਂ ਦੇ ਬੱਚੇ ਨਵੇਂ ਸਾਲ ਦੀ ਪੜ੍ਹਾਈ ਲਈ ਸਕੂਲਾਂ ਵਿਚ ਦਾਖਲ ਹੋ ਗਏ ਹਨ ਉਥੇ ਜੇ ਸਿੰਘ ਦਾ ਪਰਿਵਾਰ ਬੜੀ ਹੀ ਚਿੰਤਾ ਦੀ ਹਾਲਤ ਵਿਚ ਆਪਣੇ ਬੇਟੇ ਲਈ ਸਕੂਲ ਦੀ ਭਾਲ ਕਰਦਾ ਭਟਕਦਾ ਰਿਹਾ ਹੈ।

“ਸਾਨੂੰ ਪਤਾ ਸੀ ਕਿ ਬਾਰਨਟ ਬਾਰੋ ਦਾ ਕੋਈ ਵੀ ਸਕੂਲ ਮੇਰੇ ਭਰਾ ਨੂੰ ਦਾਖਲ ਨਹੀਂ ਕਰੇਗਾ ਕਿਓਂਕਿ ਉਹ ਕੌਂਸਲ ਦੇ ਵਕੀਲਾਂ ਦੀ ਨਸੀਹਤ ਪ੍ਰਤੀ ਜਵਾਬ ਦੇ ਰਹੇਗਾ। ਅਸੀਂ ਦੂਸਰੇ ਬਾਰੋ ਵਿਚ ਵੀ ਸਕੂਲਾਂ ਦੀ ਭਾਲ ਕੀਤੀ ਹੈ ਭਾਵੇਂ ਕਿ ਇਸ ਦੇ ਨਤੀਜੇ ਵਜੋਂ ਮੇਰੇ ਭਰਾ ਨੂੰ ਹਰ ਰੋਜ਼ ਘੰਟਾ ਘੰਟਾ ਸਫਰ ਕਰਨਾ ਪੈਣਾ ਸੀ। ਇਹ ਵੀ ਚੈਲੰਜ ਹੀ ਸੀ ਕਿਓਂਕਿ ਸਕੂਲਾਂ ਵਿਚ ਵੇਟਿੰਗ ਲਿਸਟ ਹੈ ਅਤੇ ਦਸਵੇਂ ਵਰ੍ਹੇ ਵਿਚ ਕਿਸੇ ਸਕੂਲ ਵਿਚ ਦਾਖਲ ਹੋਣਾ ਲੇਟ ਹੋ ਜਾਣ ਕਾਰਨ ਮੁਹਾਲ ਹੈ ਕਿਓਂਕਿ ਵਧੇਰੇ ਸਕੂਲਾਂ ਵਿਚ ਸਤਵੇਂ ਸਾਲ ਵਿਚ ਹੀ ਦਾਖਲੇ ਲੈ ਲਏ ਜਾਂਦੇ ਹਨ”, ਜੇ ਸਿੰਘ ਦੀ ਵੱਡੀ ਭੈਣ ਰਵਜੀਤ ਨੇ ਕਿਹਾ।

“ਸਾਨੂੰ ਪੂਰੀ ਉਮੀਦ ਸੀ ਕਿ ਹੇਜ਼ ਵਿਚ ਗੁਰੂ ਨਾਨਕ ਸਿੱਖ ਸਕੂਲ ਮੇਰੇ ਬੇਟੇ ਨੂੰ ਦਾਖਲ ਕਰ ਲਵੇਗਾ। ਜਦ ਕਿ ਉਹਨਾਂ ਨੇ ਵੀ ਸਾਨੂੰ ਇਹ ਕਹਿ ਕੇ ਟਰਕਾ ਦਿੱਤਾ ਕਿ ਉਹਨਾਂ ਕੋਲ ਲੰਬੀ ਵੇਟਿੰਗ ਲਿਸਟ ਹੈ,” ਜੇ ਸਿੰਘ ਦੇ ਪਿਤਾ ਭੁਪਿੰਦਰ ਸਿੰਘ ਨੇ ਦੱਸਿਆ।

**ਜ਼ਰੂਰੀ ਬੇਨਤੀਆਂ**—ਯੂਨਾਈਟਿਡ ਸਿੱਖਜ਼ ਸਿੱਖ ਭਾਈਚਾਰੇ ਨੂੰ ਜਨਤਕ ਤੌਰ ’ਤੇ ਕਕਾਰ ਸਜਾਈ ਰੱਖਣ ਲਈ ਉਤਸ਼ਾਹਤ ਕਰਦਾ ਹੈ ਅਤੇ ਬੇਝਿਜਕ ਆਪਣੇ ਧਾਰਮਕ ਅਮਲਾਂ ਪ੍ਰਤੀ ਦ੍ਰਿੜਤਾ ਰੱਖਣ ਲਈ ਪ੍ਰੇਰਨਾਂ ਕਰਦਾ ਹੈ। ਅਗਰ ਆਪ ਜੀ ਨੂੰ ਇਸ ਪੱਖ ਵਿਚ ਕਿਸੇ ਵੀ ਭਿੰਨ ਭੇਦ ਜਾਂ ਮੁਸ਼ਕਲ ਦਾ ਸਾਹਮਣਾਂ ਕਰਨਾਂ ਪੈਂਦਾ ਹੈ ਤਾਂ ਸਾਡੇ ਨਾਲ ਸੰਪਰਕ ਕਰੋ ਜੀ।

ਕਕਾਰਾਂ ਪ੍ਰਤੀ ਯੂਨਾਈਟਿਡ ਸਿੱਖਜ਼ ਦੀ ਕਹਿਲੀ ਪਰੈਸ ਰਲੀਜ਼ ਪੜ੍ਹਨ ਲਈ ਕਲਿਕ ਕਰੋ ਜੀ- http://www.unitedsikhs.org/PressReleases/PRSRLS-05-10-2009-00.html

ਜੇ ਸਿੰਘ ਦੇ ਕੇਸ ਦਾ ਕਾਨੂੰਨੀ ਖਰਚ(engaging Bindmans LLP) £6000 ਤੋਂ ਵਧ ਆਇਆ ਹੈ। ਜੇਕਰ ਤੁਸੀਂ ਜੇ ਸਿੰਘ ਦੇ ਪਰਿਵਾਰ ਨੂੰ ਉਸ ਦੇ ਪ੍ਰਾਈਵੇਟ ਸਕੂਲ ਦੀ ਫੀਸ ਵਿਚ ਮੱਦਤ ਲਈ ਜਾਂ ਕਾਨੂੰਨੀ ਖਰਚਾਂ ਵਿਚ ਮੱਦਤ ਕਰਨਾਂ ਚਾਹੁੰਦੇ ਹੋ ਤਾਂ ਇਸ ਵੈਬਸਾਈਟ ਦੇ ਜਰੀਏ ਕਰ ਸਕਦੇ ਹੋ www.unitedsikhs.org/donate

ਯੂਨਾਈਟਿਡ ਸਿੱਖਜ਼ ਇੱਕ ਰਜਿਸਟਰ ਚੈਰਿਟੀ ਹੈ ਜਿਸ ਨੂੰ ਦਾਨ ਕਰਨ ਵਾਲੇ ਹਰ ਇੱਕ ਟੈਕਸ ਪੇਅਰ ਵਲੋਂ ਗਿਫਟ ਏਡ ਡੈਕਲਰੇਸ਼ਨ ਰਾਹੀਂ ਹਰ ਇੱਕ ਪੌਂਡ ਮਗਰ 28 ਪੈਂਸ ਦੀ ਇਨਲੈਂਡ ਰੈਵਿਨਿਊ ਵਲੋਂ ਛੋਟ ਦਾ ਵਾਧਾ ਦਾਨ ਵਿਚ ਵਾਧਾ ਹੁੰਦਾ ਹੈ।